**ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਸ੍ਰੀ ਮੁਕਤਸਰ ਸਾਹਿਬ**
**(ਫੁਟਕਲ ਸ਼ਾਖਾ)**
**ਈਮੇਲ: dcmks@yahoo.com,ਫੋਨ : 01633-263643**
**madcmuktsar@gmail.com ਫੈਕਸ : 01633-263808,262512**


ਬੇਟੀ ਬਚਾਓ-ਬੇਟੀ ਪੜ੍ਹਾਓ

---

ਹੁਕਮ:

ਪੰਜਾਬ ਸਰਕਾਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਦੇ ਪੱਤਰ ਨੰ: SS/ACSH/2020/506 ਮਿਤੀ: 30/6/2020 ਦੀ ਲਗਾਤਾਰਤਾ ਵਿੱਚ ਪੱਤਰ ਨੰ: SS/ACSH/2020/560 ਮਿਤੀ: 31/7/2020 ਅਨੁਸਾਰ ਕੰਟੇਨਮੈਂਟ ਜ਼ੋਨਾਂ ਵਿੱਚ ਲੌਕਡਾਊਨ ਮਿਤੀ: 1/8/2020 ਤੋਂ ਮਿਤੀ: 31/8/2020 ਤੱਕ ਵਧਾਇਆ ਗਿਆ ਹੈ ਅਤੇ ਚਰਨਬੱਧ ਤਰੀਕੇ ਨਾਲ ਸੇਵਾਵਾਂ ਦੀ ਬਹਾਲੀ (Unlock-3) ਨੂੰ ਵਿਸਥਾਰ ਪੂਰਵਕ ਹਦਾਇਤਾਂ ਨਾਲ ਦਰਸਾਇਆ ਗਿਆ ਹੈ ਪ੍ਰੰਤੂ ਸ਼ਹਿਰੀ ਇਲਾਕਿਆਂ ਵਿੱਚ ਕੋਵਿਡ-19 ਦੇ ਵਧ ਰਹੇ ਕੇਸਾਂ ਨੂੰ ਧਿਆਨ ਵਿੱਚ ਰਖਦੇ ਹੋਏ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆ ਵਿਭਾਗ ਦੇ ਪੱਤਰ ਨੰ: SS/SCSH/2020/595 ਮਿਤੀ: 21/8/2020 ਰਾਹੀਂ ਸ਼ਹਿਰੀ ਇਲਾਕਿਆਂ ਦੀਆਂ ਹੱਦਾਂ ਵਿੱਚ ਨਵੀਆਂ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ।

ਉਕਤ ਅਨੁਸਾਰ ਸਰਕਾਰ ਪਾਸੋਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਮੱਦੇਨਜਰ ਮੈਂ ਐਮ.ਕੇ.ਅਰਾਵਿੰਦ ਕੁਮਾਰ, ਆਈ.ਏ.ਐਸ., ਜਿਲ੍ਹਾ ਮੈਜਿਸਟ੍ਰੇਟ, ਸ੍ਰੀ ਮੁਕਤਸਰ ਸਾਹਿਬ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਦੇ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਇਸ ਹੁਕਮ ਰਾਹੀਂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਇਲਾਕਿਆਂ ਦੀ ਹੱਦ ਅੰਦਰ ਮਿਤੀ: 22/8/2020 ਤੋਂ ਮਿਤੀ: 31/8/2020 ਤੱਕ ਹੇਠ ਦਰਸਾਏ ਅਨੁਸਾਰ ਪਾਬੰਦੀਆਂ ਦੇ ਹੁਕਮ ਜਾਰੀ ਕਰਦਾ ਹਾਂ।

1. **ਕਰਫਿਊ:**
   - **Weekend Curfew: ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਇਲਾਕਿਆਂ** (Municipal Limits) ਦੀ ਹੱਦ ਅੰਦਰ ਹਫ਼ਤੇ ਦੇ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਮੁਕੰਮਲ ਕਰਫਿਊ ਲਗਾਇਆ ਜਾਂਦਾ ਹੈ।
   - **(Night Curfew) ਰਾਤ ਦਾ ਕਰਫਿਊ:** ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਇਲਾਕਿਆਂ (Municipal Limits) ਦੀ ਹੱਦ ਅੰਦਰ ਸ਼ਾਮ 7:00 ਵਜੇ ਤੋਂ ਸਵੇਰੇ 05:00 ਵਜੇ ਤੱਕ ਬਿਨਾਂ ਕਿਸੇ ਜਰੂਰੀ ਕੰਮ ਆਮ ਲੋਕਾਂ ਦੀ ਆਵਾਜਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

ਨੋਟ: ਜਰੂਰੀ ਸੇਵਾਵਾਂ, ਰਾਸ਼ਟਰੀ ਅਤੇ ਸਟੇਟ ਹਾਈਵੇ ਤੇ ਲੋਕਾਂ ਦੇ ਆਉਣ-ਜਾਣ ਅਤੇ ਸਮਾਨ ਦੀ ਢੋਆ ਢੁਆਈ, ਬੱਸਾਂ/ਟਰੇਨਾਂ ਤੋਂ ਉੱਤਰ ਕੇ ਆਪਣੇ ਘਰ ਜਾਣ ਵਾਲੇ ਲੋਕਾਂ ਨੂੰ ਇਸ ਤੋਂ ਛੋਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਜਰੂਰੀ ਸੇਵਾਵਾਂ ਜੋ ਕਿ ਸਿਹਤ, ਖੇਤੀਬਾੜੀ ਨਾਲ ਸਬੰਧਤ ਗਤੀਵਿਧੀਆਂ, ਡੇਅਰੀ ਅਤੇ ਮੱਛੀ ਪਾਲਣ ਗਤੀਵਿਧੀਆਂ, ਬੈਂਕ, ਏ.ਟੀ.ਐਮ., ਬੀਮਾ ਕੰਪਨੀਆਂ, ਆਨ-ਲਾਈਨ ਪੜ੍ਹਾਈ, ਵੱਖ-ਵੱਖ ਸ਼ਿਫਟਾਂ ਵਿੱਚ ਪਬਲਿਕ ਟਰਾਂਸਪੋਰਟ ਇੰਡਸਟਰੀਜ਼, ਨਿਰਮਾਣ ਕਾਰਜ, ਸਰਕਾਰੀ ਅਤੇ ਪ੍ਰਾਈਵੇਟ ਦਫ਼ਤਰ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਨੂੰ ਵੀ ਛੋਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੋਰਡ ਯੂਨੀਵਰਸਿਟੀਆਂ ਦੀਆਂ ਹਰ ਪ੍ਰਕਾਰ ਦੀਆਂ ਪ੍ਰੀਖਿਆਵਾਂ, ਐਡਮੀਸ਼ਨ/ਐਂਟਰੈਂਸ ਟੈਸਟ ਆਦਿ ਲਈ ਵਿਦਿਆਰਥੀਆਂ ਨੂੰ ਆਉਣ ਜਾਣ ਦੀ ਵੀ ਪ੍ਰਵਾਨਗੀ ਹੋਵੇਗੀ।

2. ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਇਲਾਕਿਆਂ ਵਿੱਚ ਦੁਕਾਨਾਂ/ਰੈਸਟੋਰੈਂਟ/ ਹੋਟਲ/ ਸ਼ਰਾਬ ਦੇ ਠੇਕੇ ਆਦਿ ਹੇਠ ਲਿਖੇ ਅਨੁਸਾਰ ਖੁੱਲ੍ਹੇ ਰਹਿਣਗੇ:

| ਲੜੀ | ਸੇਵਾ ਦਾ ਨਾਮ | ਸੋਮਵਾਰ ਤੋਂ ਸ਼ੁੱਕਰਵਾਰ | ਸ਼ਨੀਵਾਰ | ਐਤਵਾਰ |
|---|---|---|---|---|
| 1 | ਹਰ ਪ੍ਰਕਾਰ ਦੀਆਂ ਦੁਕਾਨਾਂ | ਸ਼ਾਮ 06:30 ਵਜੇ ਤੱਕ | ਬੰਦ ਰਹਿਣਗੀਆਂ | ਬੰਦ ਰਹਿਣਗੀਆਂ |
| 2 | ਜਰੂਰੀ ਸੇਵਾਵਾਂ ਨਾਲ ਸਬੰਧਤ ਦੁਕਾਨਾਂ/ਮਾਲਜ਼ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ |
| 3 | ਧਾਰਮਿਕ ਸਥਾਨ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ |
| 4 | ਸਪੋਰਟਸ ਕੰਪਲੈਕਸ, ਸਟੇਡੀਆ, ਪਬਲਿਕ ਕੰਪਲੈਕਸ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ |
| 5 | ਰੈਸਟੋਰੈਂਟ (ਸਮੇਤ ਹੋਟਲਾਂ ਅਤੇ ਸ਼ਾਪਿੰਗ ਮਾਲਾਂ ਵਿੱਚ ਸਥਿਤ ਰੈਸਟੋਰੈਂਟ) | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ |
| 6 | ਹੋਟਲ | ਖੁੱਲ੍ਹੇ ਰਹਿਣਗੇ | ਖੁੱਲ੍ਹੇ ਰਹਿਣਗੇ | ਖੁੱਲ੍ਹੇ ਰਹਿਣਗੇ |
| 7 | ਸ਼ਰਾਬ ਦੇ ਠੇਕੇ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ | ਸ਼ਾਮ 06:30 ਵਜੇ ਤੱਕ |

3. ਵਹੀਕਲਾਂ ਦੀ ਆਵਾਜਾਈ:
   - ਚਾਰ ਪਹੀਆ ਵਾਹਨ ਵਿੱਚ ਡਰਾਈਵਰ ਸਮੇਤ 3 ਯਾਤਰੀਆਂ ਦੀ ਮਨਜ਼ੂਰੀ ਹੋਵੇਗੀ।
   - ਹਰ ਪ੍ਰਕਾਰ ਦੇ ਪਬਲਿਕ ਟਰਾਂਸਪੋਰਟ ਵਹੀਕਲਾਂ ਵਿੱਚ 50 ਪ੍ਰਤੀਸ਼ਤ ਤੱਕ ਸਵਾਰੀਆਂ ਬਿਠਾਉਣ ਦੀ ਆਗਿਆ ਹੋਵੇਗੀ।

Scanned by CamScanner

4. ਜਿਲ੍ਹਾ ਸ੍ਰੀ ਮੁਕਸਤਰ ਸਾਹਿਬ ਦੇ ਸਹਿਰੀ ਇਲਾਕਿਆਂ ਵਿੱਚ ਵਿਆਹ ਅਤੇ ਮਰਗ ਤੋਂ ਇਲਾਵਾ ਹਰ ਪ੍ਰਕਾਰ ਦੇ ਇਕੱਠ ਤੇ ਪਾਬੰਦੀ ਲਗਾਈ ਜਾਂਦੀ ਹੈ। ਵਿਆਹ ਸਮਾਗਮਾਂ ਵਿੱਚ 30 ਵਿਅਕਤੀ ਅਤੇ ਮਰਗ ਸਬੰਧੀ ਇਕੱਠ ਵਿੱਚ 20 ਤੋਂ ਵੱਧ ਵਿਅਕਤੀਆਂ ਦੇ ਇਕੱਠ ਤੇ ਪਾਬੰਦੀ ਹੋਵੇਗੀ।

ਜਿਲ੍ਹਾ ਮੈਜਿਸਟ੍ਰੇਟ,
ਸ੍ਰੀ ਮੁਕਤਸਰ ਸਾਹਿਬ।

ਪਿ:ਅੰ:ਨੰ: 22-32/ਸਪੈਸ਼ਲ/ਐਮ.ਏ. ਮਿਤੀ: 21/08/2020

ਉਕਤ ਦਾ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਸ੍ਰੀ ਮੁਕਤਸਰ ਸਾਹਿਬ।
2. ਉਪ ਮੰਡਲ ਮੈਜਿਸਟ੍ਰੇਟ, ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ।
3. ਸਿਵਲ ਸਰਜਨ, ਸ੍ਰੀ ਮੁਕਤਸਰ ਸਾਹਿਬ।
4. ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ, ਸ੍ਰੀ ਮੁਕਤਸਰ ਸਾਹਿਬ।
5. ਜਿਲ੍ਹਾ ਲੋਕ ਸੰਪਰਕ ਅਫਸਰ, ਸ੍ਰੀ ਮੁਕਤਸਰ ਸਾਹਿਬ।
6. ਨੋਡਲ ਅਫਸਰ, ਮੀਡੀਆ ਸੈੱਲ, ਰਿਪੋਰਟਿੰਗ ਸੈੱਲ, ਕੋਵਿਡ ਕੰਟਰੋਲ ਰੂਮ, ਸ੍ਰੀ ਮੁਕਤਸਰ ਸਾਹਿਬ।
7. ਸਕੱਤਰ ਰੈੱਡ ਕਰਾਸ ਸੁਸਾਇਟੀ, ਸ੍ਰੀ ਮੁਕਤਸਰ ਸਾਹਿਬ।

ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟ੍ਰੇਟ,
ਸ੍ਰੀ ਮੁਕਤਸਰ ਸਾਹਿਬ।

Scanned by CamScanner